# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਿਤ)
(ਕੰਟਰੋਲਰ ਪ੍ਰੀਖਿਆਵਾਂ ਦਫ਼ਤਰ)

ਨੰ.5954/ਸੀ.ਈ.ਓ.
ਮਿਤੀ.16/06/2023

**ਮੁਖੀ/ਪ੍ਰਿੰਸੀਪਲ/ਇੰਚਾਰਜ,**
**ਵਿਭਾਗਾਂ/ਕਾਲਜਾਂ/ਕਾਨਸਟੀਚਿਊਟ ਕਾਲਜਾਂ/**
**ਨੇਬਰਹੁੱਡ ਕੈਂਪਸ/ਰਿਜਨਲ ਸੈਂਟਰ।**

ਪ੍ਰੀਖਿਆ ਸ਼ਾਖਾ ਵਿੱਚ ਰੈਗੂਲਰ, ਡਿਸਟੈਂਸ ਐਜੂਕੇਸ਼ਨ ਵਿਭਾਗ, ਰੀ-ਅਪੀਅਰ ਅਤੇ ਪ੍ਰਾਈਵੇਟ ਕਲਾਸਾਂ ਦੇ ਬਹੁਤ ਸਾਰੇ ਵਿਦਿਆਰਥੀਆਂ ਵਲੋਂ ਆਪਣੇ ਮੀਡੀਅਮ ਬਦਲਣ ਸੰਬੰਧੀ ਪ੍ਰਾਪਤ ਬਿਨੈ-ਪੱਤਰਾਂ ਦੇ ਕੇਸਾਂ ਸੰਬੰਧੀ ਵਾਈਸ ਚਾਂਲਸਰ ਸਾਹਿਬ ਵਲੋਂ ਪ੍ਰਵਾਨਿਤ ਕਮੇਟੀ ਦੁਆਰਾ ਕੀਤੇ ਗਏ ਸ਼ਿਫਾਰਸ਼ਾ, ਜਿਸਨੂੰ ਵਾਈਸ ਚਾਂਸਲਰ ਸਾਹਿਬ ਜੀ ਵਲੋਂ 13-06-2023 ਨੂੰ ਪ੍ਰਵਾਨ ਕੀਤਾ ਗਿਆ, ਅਨੁਸਾਰ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕਲਾਸਾਂ ਦਸੰਬਰ-2022 ਅਤੇ ਮਈ-2023 ਦੇ ਸਮੈਸਟਰਾਂ ਦੇ ਪ੍ਰੀਖਿਆ ਫਾਰਮਾਂ ਤੇ ਦਰਸਾਏ ਮਾਧਿਅਮ ਨੂੰ ਉੱਤਰ-ਕਾਪੀਆਂ (ਸੀਕਰੇਸੀ ਬਰਾਂਚ ਵਲੋਂ ਤਸਦੀਕਸ਼ੁਦਾ) ਵਿੱਚ ਲਿਖੇ ਮਾਧਿਅਮ ਅਨੁਸਾਰ ਹੀ ਨਿਰਧਾਰਤ ਫੀਸ ਭਰਵਾ ਕੇ ਸਬੂਤਾਂ ਦੇ ਅਧਾਰ ਤੇ ਮਾਧਿਅਮ ਬਦਲ ਦਿੱਤਾ ਜਾਵੇ। ਇਸ ਤੋਂ ਇਲਾਵਾ ਆਨ-ਲਾਈਨ ਪ੍ਰੀਖਿਆਵਾਂ ਮਈ-2020, ਦਸੰਬਰ-2020, ਮਈ-2021 ਅਤੇ ਦਸੰਬਰ-2021 ਦੀਆਂ ਸਾਰੀਆਂ ਕਲਾਸਾਂ ਦੇ ਸਮੈਸਟਰਾਂ ਦੇ ਕੇਸਾਂ ਨਾਲ ਸਬੰਧਤ ਰੈਗੂਲਰ/ਡਿਸਟੈਂਸ ਐਜੂਕੇਸ਼ਨ/ਰੀ-ਅਪੀਅਰ/ਪ੍ਰਾਈਵੇਟ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਵਿੱਚ ਵਿਦਿਆਰਥੀ ਦੁਆਰਾ ਭਰੇ ਮਾਧਿਅਮ ਨੂੰ ਜਿਸ ਮਾਧਿਅਮ ਵਿੱਚ ਵਿਦਿਆਰਥੀ ਨੇ ਉੱਤਰ-ਕਾਪੀਆਂ ਵਿੱਚ ਲਿਖਿਆ ਹੈ, ਸਬੰਧਤ ਪ੍ਰਿੰਸੀਪਲ/ਮੁਖੀ ਵਲੋਂ ਤਸਦੀਕ-ਸ਼ੁਦਾ ਉੱਤਰ-ਕਾਪੀਆਂ ਅਤੇ ਸੀਕਰੇਸੀ ਬਰਾਂਚ ਵਲੋਂ ਤਸਦੀਕਸ਼ੁਦਾ, ਜੋ ਕਿ ਪ੍ਰੀਖਿਅਕ ਦੁਆਰਾ ਮੁਲਾਂਕਣ ਕੀਤੀ ਗਈ ਹੋਵੇ, ਮੰਗਵਾ ਕੇ ਨਿਰਧਾਰਤ ਫੀਸ ਭਰਵਾਉਣ ਉਪਰੰਤ ਸਬੂਤਾਂ ਦੇ ਅਧਾਰ ਤੇ ਹੀ ਮਾਧਿਅਮ ਬਦਲਿਆ ਜਾਵੇ। ਜੇਕਰ ਵਿਦਿਆਰਥੀ ਦੀ ਮੁਲਾਂਕਣ ਕੀਤੀ ਉੱਤਰ- ਕਾਪੀਆਂ ਨਹੀਂ ਮਿਲਦੀ ਤਾਂ ਵਿਦਿਆਰਥੀ ਵਲੋਂ ਕੀਤੀ ਗਈ ਈਮੇਲ ਤੇ ਭੇਜੀ ਉੱਤਰ- ਕਾਪੀਆਂ ਦੀ ਤਸਦੀਕ-ਸ਼ੁਦਾ ਫੋਟੋ-ਕਾਪੀ ਭੇਜੀ ਜਾਵੇ ਜੋ ਕਿ ਸੀਕਰੇਸੀ ਬਰਾਂਚ ਵਲੋਂ ਤਸਦੀਕ ਕੀਤੀ ਜਾਵੇ ਕਿ ਈਮੇਲ ਸਹੀ ਸਮੇਂ ਤੇ (ਪੇਪਰ ਵਾਲੇ ਦਿਨ ਦੀ ਹੀ ਹੈ) ਕਾਲਜ ਵਲੋਂ ਮੁਲਾਕਣ ਕੀਤੀ ਗਈ ਹੈ ਅਤੇ ਵਿਦਿਆਰਥੀ ਦੁਆਰਾ ਕੀਤੀ ਗਈ ਈਮੇਲ ਸੀਕਰੇਸੀ ਬਰਾਂਚ ਦੀ ਈਮੇਲ ਤੇ ਵੀ ਭੇਜੀ ਜਾਵੇ।

ਮਈ-2023 ਤੋਂ ਸਾਰੀਆਂ ਕਲਾਸਾਂ ਦੇ ਸਾਰੇ ਸਮੈਸਟਰਾਂ ਦੇ ਜਾਰੀ ਕੀਤੇ ਜਾਣ ਵਾਲੇ ਅੰਕ ਬਿਊਰਾ ਕਾਰਡ (DMC) ਵਿੱਚ ਮਾਧਿਅਮ ਦਾ ਕਾਲਮ ਬਣਾ ਕੇ ਮਾਧਿਅਮ ਲਿਖਿਆ ਜਾਵੇ। ਜੇਕਰ ਅੰਕ ਬਿਊਰਾ ਕਾਰਡ ਵਿੱਚ ਦਫਤਰ ਵਲੋਂ ਮਾਧਿਅਮ ਗਲਤ ਲਿਖਿਆ ਜਾਂਦਾ ਹੈ ਤਾਂ DMC ਦੇ ਜਾਰੀ ਹੋਣ ਦੀ ਮਿਤੀ ਤੋਂ 03 ਮਹੀਨੇ ਦੇ ਅੰਦਰ-ਅੰਦਰ ਸੋਧ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਫੀਸ ਦੇ ਨਾਲ ਕੀਤੀ ਜਾਵੇ। ਇਸ ਤੋਂ ਬਾਅਦ ਵਿਦਿਆਰਥੀ ਦੇ ਮਾਧਿਅਮ ਵਿੱਚ ਕੋਈ ਸੋਧ ਨਾ ਕੀਤੀ ਜਾਵੇ।

16/6/23

**ਕੰਟਰੋਲਰ(ਪ੍ਰੀਖਿਆਵਾਂ)**

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ